


ਰੁੱਖ ਛਾਂ ਪ੍ਰਦਾਨ ਕਰਦੇ ਹਨ ਅਤੇ ਸਾਡੇ ਵਾਤਾਵਰਣ ਨੂੰ ਠੰਡਾ ਕਰਨ ਵਿੱਚ ਮਦਦ ਕਰਦੇ ਹਨ। ਉਹ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਕਰਨ, ਤੂਫਾਨ ਦੇ ਪਾਣੀ ਦੇ ਵਹਾਅ ਨੂੰ ਘਟਾਉਣ ਅਤੇ ਮਿੱਟੀ ਦੀ ਖੋਰ ਨੂੰ ਰੋਕਣ ਵਿੱਚ ਮਦਦ ਕਰਦੇ ਹਨ। ਰੁੱਖ ਜੈਵ ਵਿਭਿੰਨਤਾ ਦਾ ਸਮਰਥਨ ਵੀ ਕਰਦੇ ਹਨ ਅਤੇ ਨਾਗਰਿਕਾਂ ਨੂੰ ਸਕਾਰਾਤਮਕ ਮਾਨਸਿਕ ਸਿਹਤ ਲਾਭ ਪ੍ਰਦਾਨ ਕਰਦੇ ਹਨ।

# ਅਸੀਂ ਸਤੰਬਰ ਦੇ ਅੱਧ ਤੋਂ ਸ਼ੁਰੂਆਤ ਕਰਕੇ, ਸੈਡਲ ਰਿਜ ਵਿੱਚ ਜਨਤਕ ਜ਼ਮੀਨ 'ਤੇ 500 ਰੁੱਖ ਲਗਾਵਾਂਗੇ।

## ਅਸੀਂ ਸੈਡਲ ਰਿਜ ਵਿੱਚ ਰੁੱਖ ਕਿਉਂ ਲਗਾ ਰਹੇ ਹਾਂ?

ਸੈਡਲ ਰਿਜ ਇੱਕ ਅਜਿਹਾ ਭਾਈਚਾਰਾ ਹੈ ਜਿਸਦੀ ਪਛਾਣ ਜਨਤਕ (ਸਿਟੀ) ਜ਼ਮੀਨ ਦੀ ਸਪਲਾਈ ਹੋਣ ਵਜੋਂ ਕੀਤੀ ਗਈ ਹੈ ਜੋ ਕਿਸੇ ਪ੍ਰਾਪਰਟੀ ਦੇ ਅਗਲੇ ਜਾਂ ਪਾਸੇ ਦੇ ਕਿਨਾਰੇ ਦੇ ਨਾਲ ਸਥਿਤ ਹੈ ਅਤੇ ਰੁੱਖ ਲਗਾਉਣ ਲਈ ਢੁਕਵੀਂ ਹੈ।

ਇਸ ਉਪਲਬਧ ਜ਼ਮੀਨ ਨੂੰ ਆਮ ਤੌਰ 'ਤੇ "ਰੋਡ ਰਾਇਟ-ਔਫ-ਵੇ" ਵਜੋਂ ਜਾਣਿਆ ਜਾਂਦਾ ਹੈ।




## ਮੈਨੂੰ ਮੇਰੇ ਦਰਵਾਜ਼ੇ 'ਤੇ ਹੈਂਡਆਊਟ ਕਿਉਂ ਮਿਲਿਆ?

ਜੇਕਰ ਤੁਸੀਂ ਆਪਣੇ ਦਰਵਾਜ਼ੇ 'ਤੇ ਡੋਰ ਹੈਂਗਰ ਪ੍ਰਾਪਤ ਕੀਤਾ ਹੈ, ਤਾਂ ਤੁਹਾਡੀ ਪ੍ਰਾਪਰਟੀ ਦੇ ਨਾਲ ਦੇ ਰਾਇਟ-ਔਫ-ਵੇ ਨੂੰ 500 ਸਥਾਨਾਂ ਵਿੱਚੋਂ ਇੱਕ ਵਜੋਂ ਚੁਣਿਆ ਗਿਆ ਹੈ ਜਿੱਥੇ ਅਸੀਂ ਇੱਕ ਰੁੱਖ ਲਗਾਵਾਂਗੇ।

## ਕੀ ਮੈਨੂੰ ਰੁੱਖ ਦੀ ਦੇਖਭਾਲ ਕਰਨੀ ਪਵੇਗੀ?

ਨਹੀਂ, ਅਸੀਂ ਰੁੱਖ ਲਗਾਉਣ, ਮਲਚ ਪਾਉਣ, ਛਾਂਟੀ ਕਰਨ, ਕੀੜਿਆਂ ਨੂੰ ਕੰਟਰੋਲ ਕਰਨ ਅਤੇ ਰੁੱਖ ਨੂੰ ਪਾਣੀ ਦੇਣ ਦੀ ਦੇਖਭਾਲ ਕਰਾਂਗੇ। ਹਾਲਾਂਕਿ, ਜੇਕਰ ਤੁਸੀਂ ਰੁੱਖ ਨੂੰ ਪਾਣੀ ਦੇਣ ਵਿੱਚ ਸਾਡੀ ਮਦਦ ਕਰਨਾ ਚਾਹੁੰਦੇ ਹੋ, ਤਾਂ ਅਸੀਂ ਤੁਹਾਡੀ ਮਦਦ ਪਸੰਦ ਕਰਾਂਗੇ! ਪਾਣੀ ਕਿਵੇਂ ਦੇਣਾ ਹੈ ਬਾਰੇ ਸੁਝਾਵਾਂ ਲਈ **calgary.ca/neighbourhoodtrees** 'ਤੇ ਜਾਓ।

## ਮੈਂ ਰੁੱਖਾਂ ਨੂੰ ਸਿਹਤਮੰਦ ਰਹਿਣ ਵਿੱਚ ਕਿਵੇਂ ਮਦਦ ਕਰ ਸਕਦਾ/ਦੀ ਹਾਂ?

- ਨਦੀਨ ਨਾਸ਼ਕ ਦੀ ਵਰਤੋਂ ਨਾ ਕਰੋ ਜਾਂ ਰੁੱਖ ਦੇ ਨੇੜੇ ਘਰ ਦਾ ਕੂੜਾ ਨਾ ਸੁੱਟੋ।
- ਰੁੱਖ ਨਾਲ ਕਿਸੇ ਵੀ ਚੀਜ਼ ਨੂੰ ਨਾ ਬੰਨ੍ਹੋ ਅਤੇ ਨਾ ਹੀ ਟੈਕ ਕਰੋ।
- ਰੁੱਖ ਨੂੰ ਕਾਰਾਂ, ਲਾਅਨ ਮੋਅਰਾਂ ਅਤੇ ਵੀਡ ਟ੍ਰਿਮਰਾਂ ਦੁਆਰਾ ਨੁਕਸਾਨ ਤੋਂ ਬਚਾਓ।
- ਰੁੱਖ ਦੀ ਛਾਂਟੀ ਨਾ ਕਰੋ; ਸਿਟੀ ਰੁੱਖ ਦੀ ਛਾਂਟੀ ਕਰਨ ਦੀ ਦੇਖਭਾਲ ਕਰੇਗੀ।
- ਜੇਕਰ ਨਵਾਂ ਰੁੱਖ ਠੀਕ ਤਰ੍ਹਾਂ ਵੱਧਦਾ ਹੋਇਆ ਨਹੀਂ ਜਾਪਦਾ, ਤਾਂ ਕਿਰਪਾ ਕਰਕੇ 311 'ਤੇ ਸੰਪਰਕ ਕਰਕੇ ਸਾਨੂੰ ਦੱਸੋ।

## ਮੈਂ ਬੂਟੇ ਲਾਉਣ ਦੇ ਸਮੇਂ ਤੱਕ ਕੀ ਕੰਮ ਦੇਖਾਂਗਾ/ਗੀ ਅਤੇ ਲਾਉਣ ਵਿੱਚ ਕਿੰਨਾ ਸਮਾਂ ਲਗੇਗਾ?

ਮੁੱਖ ਕੰਮ ਜੋ ਤੁਸੀਂ ਦੇਖੋਗੇ ਉਹ ਯੁਟਿਲਿਟੀ ਲਾਈਨ ਲੋਕੇਟਸ ਲਈ ਸਪਰੇਅ ਮਾਰਕਿੰਗ ਹੈ, ਜੋ ਕਿ ਬੂਟੇ ਲਾਉਣ ਤੋਂ ਲਗਭਗ 2 ਹਫ਼ਤੇ ਪਹਿਲਾਂ ਹੋਵੇਗਾ। ਰੁੱਖ ਹੱਥ ਨਾਲ ਲਗਾਏ ਜਾਣਗੇ, ਅਤੇ ਇਸ ਕੰਮ ਵਿੱਚ ਲਗਭਗ 2 ਘੰਟੇ ਲੱਗਣਗੇ।

ਜੇ ਤੁਸੀਂ ***ਨਹੀਂ*** ਚਾਹੁੰਦੇ ਕਿ ਤੁਹਾਡੀ ਜ਼ਮੀਨ ਦੇ ਨਾਲ ਜਨਤਕ ਰਾਇਟ-ਔਫ-ਵੇ ਵਿੱਚ ਇੱਕ ਰੁੱਖ ਲਗਾਇਆ ਜਾਏ, ਤਾਂ ਤੁਸੀਂ **ਐਤਵਾਰ, 1 ਸਤੰਬਰ, 2024 ਤੱਕ** 311 ਨਾਲ ਸੰਪਰਕ ਕਰਕੇ ਔਪਟ ਆਉਟ ਕਰ ਸਕਦੇ ਹੋ।

ਹੋਰ ਜਾਣਕਾਰੀ ਲਈ **calgary.ca/neighbourhoodtrees**'ਤੇ ਜਾਓ ਜਾਂ 311 ਨਾਲ ਸੰਪਰਕ ਕਰੋ।

24-0040715 CRV-30884